8480/NH

ਪੰਜਾਬੀ ਸਾਹਿਤ (ਚੋਣਵਾਂ) Sem-III

Time : 3 hours

M Marks 75

### ਭਾਗ-ੳ

1) ਵਾਰਿਸ ਸ਼ਾਹ ਦ ਰਚਨਾ 'ਹੀਰ ਰਾਂਝਾ' ਦਾ ਸਾਰ ਲਿਖੋ।

ਜਾਂ

'ਲੈਲਾ ਮਜਨੂੰ' ਕਵਿਤਾ ਦਾ ਵਿਸ਼ਾ-ਵਸਤੂ ਲਿਖੋ।

ਜਾਂ

ਗੁਰੂ ਗੋਬਿੰਦ ਸਿੰਘ ਦੇ ਜੀਵਨ ਅਤੇ ਰਚਨਾ ਬਾਰੇ ਚਰਚਾ ਕਰੋ। 10

2) ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਲਿਖੋ:-

ੳ) ਸੋਟ ਪਈ ਜਮਧਾਣੀ, ਦਲਾਂ ਮੁਕਾਬਲਾ॥
ਧੂਹਿ ਲਈ ਕ੍ਰਿਪਾਣੀ, ਦੁਰਗਾ ਮਿਆਨ ਤੇ॥
ਚੰਡੀ ਰਾਕਸਿ ਖਾਣੀ, ਵਾਹੀ ਦੈਂਤ ਨੂੰ॥
ਕੋਪਰ ਚੂਰ ਚਵਾਣੀ, ਲੱਥੀ ਕਰਗ ਲੈ॥

ਅ) ਅਵਲ ਹਮਦ ਖੁਦਾਇ ਦਾ ਵਿਰਦ ਕੀ ਚੈ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।
ਪਹਿਲਾ ਆਪ ਹੈ ਰੱਬ ਨੇ ਇਸ਼ਕ ਕੀਤਾ, ਮਾਸ਼ਕ ਹੈ ਰਬੀ ਰਸੂਲ ਮੀਆਂ।
ਇਸ਼ਕ ਪੀਰ ਫਕੀਰ ਦਾ ਮਰਤਬਾ ਹੈ, ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ।
ਖਿਲੇ ਤਿੰਨ੍ਹਾਂ ਦੇ ਬਾਗ ਕਲੂਬ ਅੰਦਰ, ਜਿੰਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।

ੲ) ਨਾਜ਼ਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ।
ਮਾਰੂ ਰੇਤ ਤਪੇ ਵਿੱਚ ਥਲ ਦੇ ਜਿਉਂ ਜੌਂ ਭੁੰਨਣ ਭਠਿਆਰੇ
ਸੂਰਜ ਭੱਜ ਵੜਿਆ ਵਿੱਚ ਬੱਦਲੀਂ, ਡਰਦਾ ਨਿਸ਼ਕ ਨਾ ਮਾਰੇ।
ਹਾਸ਼ਮ ਵੇਖ ਯਕੀਨ ਸੱਸੀ ਦਾ, ਸਿਦਕੋ ਮੁਲ ਨਾ ਹਾਰੇ। 05

3) 'ਪਾਣੀ ਦੀਆਂ ਲੀਕਾਂ' ਕਹਾਣੀ ਦਾ ਵਿਸ਼ਾ ਵਸਤੂ ਲਿਖੋ।

ਜਾਂ

'ਬਾਕੀ ਸਭ ਸੁੱਖ ਸਾਂਦ ਹੈ' ਕਹਾਣੀ ਦਾ ਸਾਰ ਲਿਖੋ।

ਜਾਂ

ਕੁਲਵੰਤ ਸਿੰਘ ਵਿਰਕ ਦੀ ਕਹਾਣੀ ਕਲਾ ਉਤੇ ਨੋਟ ਲਿਖੋ। 10

### ਭਾਗ-ਅ

4) ਯਥਾਰਥਵਾਦ, ਸ਼ੈਲੀ, ਸੰਰਚਨਾ ਅਤੇ ਮਿੱਥ ਵਿੱਚੋਂ ਕਿਸੇ ਦੋ ਸਿਧਾਤਾਂ ਉਪਰ ਨੋਟ ਲਿਖੋ। 2×5=10

5) 19 ਵੀਂ ਸਦੀ ਵਿੱਚ ਉਪਜੇ ਵੀਰ-ਕਾਵਿ ਨਾਲ ਜਾਣ-ਪਛਾਣ ਕਰਾਓ।

ਜਾਂ

ਵੀਰ ਰਸੀ ਸਾਹਿਤ ਕਿਸ ਨੂੰ ਕਹਿੰਦੇ ਹਨ? ਪੰਜਾਬੀ ਦੀਆਂ ਪ੍ਰਮੁੱਖ ਵੀਰ ਰਸੀ ਵਾਰਾਂ ਬਾਰੇ ਲਿਖੋ। 10

### ਭਾਗ-ੲ

6) ਹੇਠ ਲਿਖੇ ਪ੍ਰਸ਼ਨਾ ਦੇ ਸੰਖੇਪ ਉੱਤਰ ਲਿਖੋ?

I. ਚੰਡੀ ਦੀ ਵਾਰ ਵਿਚ ਕਿਹੜੀਆਂ ਧਿਰਾਂ ਵਿਚਕਾਰ ਯੁੱਧ ਹੁੰਦਾ ਹੈ?
II. ਗੁਰੂ ਗੋਬਿੰਦ ਸਿੰਘ ਦੀਆਂ ਦੋ ਹੋਰ ਰਚਨਾਵਾਂ ਦੇ ਨਾਂ ਲਿਖੋ?
III. ਬੁਲ੍ਹੇ ਸ਼ਾਹ ਨੇ ਕਿਸ ਸਾਹਿਤ ਰੂਪ ਵਿੱਚ ਰਚਨਾ ਕੀਤੀ?
IV. 'ਬਾਰ੍ਹਮਾਂਹ' ਸਾਹਿਤ ਰੂਪ ਬਾਰੇ ਜਾਣਕਾਰੀ ਦਿਓ।
V. ਹੀਰ ਦੇ ਸਹੁਰੇ ਕਿੱਥੇ ਸਨ?

VI. ਹਾਸ਼ਮ ਕਿਸ ਕਾਵਿਧਾਰਾ ਦਾ ਕਵੀ ਹੈ?

VII. ਅਹਿਮਦਯਾਰ ਦੇ ਚਾਰ ਕਿੱਸਿਆਂ ਦੇ ਨਾਂ ਲਿਖੋ।

VIII. 'ਸੋਹਣੀ ਮਹਿਵਾਲ' ਕਿਸੇ ਦਾ ਲੇਖਕ ਕੋਣ ਹੈ?

IX. ਮੋਹਨ ਚਿੱਠੀਆਂ ਲਿਖ-ਲਿਖ ਕੇ ਤੰਗ ਕਿਉਂ ਆਗਿਆ ਸੀ?

X. ਕਥਾ ਸੰਸਾਰ ਵਿਚਲੀ ਕਿਹੜੀ ਕਹਾਣੀ ਤੁਹਾਨੂੰ ਸਭ ਤੋ ਚੰਗੀ ਲੱਗੀ ਤੇ ਕਿਉ?

XI. ਪਾਣੀ ਦੀਆਂ ਲੀਕਾਂ ਕਹਾਣੀ ਦਾ ਮੁੱਖ ਪਾਤਰ ਕੌਣ ਹੈ?

XII. 'ਹਵਾ' ਕਹਾਣੀ ਦੇ ਲੇਖਕ ਦਾ ਨਾ ਲਿਖੋ।

XIII. ਡੀ.ਐਨ.ਏ. ਰਿਪੋਰਟ ਲੈਣ ਵਾਲੇ ਲੋਕਾਂ ਦੀ ਕਤਾਰ ਦਾ ਦ੍ਰਿਸ਼ ਕਿਹੋ ਜਿਹਾ ਸੀ?

XIV. ਅਨੁਕਰਣ ਤੋਂ ਕੀ ਭਾਵ ਹੈ?

XV. 1701 ਤੋਂ 1900 ਤੱਕ ਰਚੀਆਂ ਕੋਈ ਚਾਰ ਵਾਰਾਂ ਦੇ ਨਾਂ ਲਿਖੋ।

15×2= 30